ਸਸਤੀਆਂ ਹਵਾਈ ਟਿਕਟਾਂ 24/7 SERVICE 905-456-9977
ਇੰਡੀਅਨ ਵੀਜ਼ਾ OCI & Passport Renewal 514-389-7070
12 Beds, 7 Baths For 24 Guests 905-965-4644
Electrtic Brush or Teeth Whitening FREE ਮੁਫ਼ਤ 905-458-3344 With Teeth Cleaning & New Patient Exam
Line of Credit Fix Bad Credit Get OSAP Loan 905-965-4644
ਮਰਦਾਨਾ ਕਮਜ਼ੋਰੀ 416-992-5489
ਲੀਗਲ ਸੇਵਾਵਾਂ 905-913-2355
ਦੰਦ ਲਗਵਾਓ FREE ਮੁਫ਼ਤ 905-458-3344 With CDCP

# ਕਿਮ ਜੋਂਗ ਦੀ ਧੀ ਬਣੇਗੀ ਉੱਤਰੀ ਕੋਰੀਆ ਦੀ ਅਗਲੀ ਤਾਨਾਸ਼ਾਹ

ਪਿਓਂਗਯੈਂਗ: ਦੱਖਣੀ ਕੋਰੀਆ ਦੀ ਖ਼ੁਫ਼ੀਆ ਏਜੰਸੀ ਨੇ ਇੱਕ ਵੱਡਾ ਖ਼ੁਲਾਸਾ ਕਰਦਿਆਂ ਦਾਅਵਾ ਕੀਤਾ ਹੈ ਕਿ ਉੱਤਰੀ ਕੋਰੀਆ ਦਾ ਤਾਨਾਸ਼ਾਹ ਕਿਮ ਜੋਂਗ ਉਨ ਆਪਣੀ ਕਿਸ਼ੋਰ ਬੇਟੀ ਕਿਮ ਜੂ ਐ ਨੂੰ ਆਪਣੀ ਉਤਰਾਧਿਕਾਰੀ ਵਜੋਂ ਨਾਮਜ਼ਦ ਕਰਨ ਦੀ ਤਿਆਰੀ ਕਰ ਰਿਹਾ ਹੈ।

ਖ਼ੁਫ਼ੀਆ ਏਜੰਸੀ ਨੇ ਆਪਣੀ ਪਿਛਲੀ ਮੁਲਾਂਕਣ ਨੂੰ ਬਦਲਦਿਆਂ ਹੁਣ ਕਿਮ ਜੂ ਐ ਨੂੰ ਸਭ ਤੋਂ ਵੱਧ ਸੰਭਾਵਿਤ ਉਤਰਾਧਿਕਾਰੀ ਕਰਾਰ ਦਿੱਤਾ ਹੈ।

ਦੱਖਣੀ ਕੋਰੀਆ ਦੇ ਸਿਆਸਤਦਾਨਾਂ ਨੇ ਦੱਸਿਆ ਕਿ ਕਿਮ ਜੂ ਐ ਹੁਣ ਦੇਸ਼ ਦੀਆਂ ਅਹਿਮ ਨੀਤੀਆਂ 'ਤੇ ਆਪਣੀ ਰਾਏ ਵੀ ਦੇਣ ਲੱਗੀ ਹੈ ਜੋ ਉਸ ਦੇ ਵਧਦੇ ਪ੍ਰਭਾਵ ਦਾ ਸੰਕੇਤ ਹੈ। ਹਾਲ ਹੀ 'ਚ ਉਸ ਨੂੰ ਹਥਿਆਰਬੰਦ ਸੈਨਾ ਦਿਵਸ ਸਮਾਰੋਹ ਅਤੇ ਕੁਮਸੁਸਨ ਪੈਲੇਸ ਔਫ਼ ਦਾ ਸੰਨ ਵਰਗੇ ਅਤਿ ਮਹੱਤਵਪੂਰਣ ਸਥਾਨਾਂ 'ਤੇ ਦੇਖਿਆ ਗਿਆ ਹੈ ਜਿੱਥੇ ਦੇਸ਼ ਦੇ ਪੁਰਾਣੇ ਨੇਤਾਵਾਂ ਦੀਆਂ ਦੇਹਾਂ ਰੱਖੀਆਂ ਗਈਆਂ ਹਨ। ਏਜੰਸੀ ਦਾ ਮੰਨਣਾ ਹੈ ਕਿ ਉਹ ਹੁਣ ਅਧਿਕਾਰਿਕ ਤੌਰ 'ਤੇ ਉਤਰਾਧਿਕਾਰੀ ਚੋਣ ਪੜਾਅ 'ਚ ਦਾਖਲ ਹੋ ਚੁੱਕੀ ਹੈ।

ਮਾਹਿਰਾਂ ਅਨੁਸਾਰ ਜੇਕਰ ਕਿਮ ਜੂ ਐ ਇਸ ਮਹੀਨੇ ਦੇ ਅਖੀਰ 'ਚ ਹੋਣ ਵਾਲੀ ਸੱਤਾਧਾਰੀ ਵਰਕਰਜ਼ ਪਾਰਟੀ ਦੀ ਕਾਂਗਰਸ 'ਚ ਹਿੱਸਾ ਲੈਂਦੀ ਹੈ ਜਾਂ ਕੋਈ ਅਧਿਕਾਰਿਕ ਖ਼ਿਤਾਬ ਪ੍ਰਾਪਤ ਕਰਦੀ ਹੈ ਤਾਂ ਉਸ ਦੇ ਉਤਰਾਧਿਕਾਰੀ ਬਣਨ ਦੀ ਪੁਸ਼ਟੀ ਲਗਭਗ ਤੈਅ ਹੋ ਜਾਵੇਗੀ। ਦੱਸਣਯੋਗ ਹੈ ਕਿ ਕਿਮ ਜੂ ਐ ਪਹਿਲੀ ਵਾਰ 2022 'ਚ ਇੱਕ ਮਿਜ਼ਾਈਲ ਪ੍ਰੀਖਣ ਦੌਰਾਨ ਜਨਤਕ ਤੌਰ 'ਤੇ ਸਾਹਮਣੇ ਆਈ ਸੀ, ਅਤੇ ਓਦੋਂ ਤੋਂ ਹੀ ਉਹ ਆਪਣੇ ਪਿਤਾ ਨਾਲ ਕਈ ਮਹੱਤਵਪੂਰਣ ਫ਼ੌਜੀ ਅਤੇ ਰਾਜਨੀਤਿਕ ਸਮਾਗਮਾਂ 'ਚ ਦਿਖਾਈ ਦੇ ਰਹੀ ਹੈ। ਸਤੰਬਰ 'ਚ ਉਸ ਨੇ ਆਪਣੇ ਪਿਤਾ ਨਾਲ ਬੀਜਿੰਗ ਦੀ ਯਾਤਰਾ ਵੀ ਕੀਤੀ ਸੀ ਜਿੱਥੇ ਉਸ ਨੇ ਚੀਨੀ ਅਤੇ ਰੂਸੀ ਨੇਤਾਵਾਂ ਨਾਲ ਮੁਲਾਕਾਤ ਕੀਤੀ।

ਇਸ ਦੇ ਨਾਲ ਹੀ ਦੱਖਣੀ ਕੋਰੀਆਈ ਖ਼ੁਫ਼ੀਆ ਜਾਣਕਾਰੀ ਅਨੁਸਾਰ ਉੱਤਰ ਕੋਰੀਆ ਇੱਕ ਅਜਿਹੀ ਵਿਸ਼ਾਲ ਪਣਡੁੱਬੀ ਵਿਕਸਿਤ ਕਰ ਰਿਹਾ ਹੈ ਜੋ 10 ਬੈਲਿਸਟਿਕ ਮਿਜ਼ਾਈਲਾਂ ਲੈ ਜਾਣ ਦੇ ਸਮਰੱਥ ਹੋਵੇਗੀ ਅਤੇ ਸੰਭਵ ਤੌਰ 'ਤੇ ਪ੍ਰਮਾਣੂ ਰਿਐਕਟਰ ਦੁਆਰਾ ਸੰਚਾਲਿਤ ਹੋਵੇਗੀ। ਕਿਮ ਜੂ ਐ ਦੀ ਅਧਿਕਾਰਤ ਉਮਰ ਬਾਰੇ ਅਜੇ ਵੀ ਪ੍ਰਾਈਵੇਸੀ ਬਣੀ ਹੋਈ ਹੈ, ਪਰ ਉਸ ਦੀ ਵਧਦੀ ਸਰਗਰਮੀ ਨੇ ਦੁਨੀਆਂ ਭਰ ਦੇ ਸਿਆਸੀ ਮਾਹਿਰਾਂ ਦਾ ਧਿਆਨ ਖਿੱਚਿਆ ਹੈ।

# 26 ਘੰਟੇ ਟਰੱਕ ਚਲਾਉਣ ਕਾਰਨ ਵਾਪਰਿਆ ਹਾਦਸਾ

ਟੋਰੌਂਟੋ: ਸਾਲ 2023 'ਚ ਕੈਨੇਡਾ ਦੇ ਓਨਟੈਰੀਓ 'ਚ ਵਾਪਰੇ ਇੱਕ ਭਿਆਨਕ ਸੜਕ ਹਾਦਸੇ, ਜਿਸ 'ਚ ਓਲੰਪਿਕ ਫ਼ਿਗਰ ਸਕੇਟਰ ਅਲੈਗਜ਼ੈਂਡਰਾ ਪੌਲ ਦੀ ਮੌਤ ਹੋ ਗਈ ਸੀ, ਭਾਰਤੀ ਮੂਲ ਦੇ ਟਰੱਕ ਡਰਾਈਵਰ ਸੁਖਵਿੰਦਰ ਸਿੱਧੂ ਨੇ ਆਪਣਾ ਗੁਨਾਹ ਕਬੂਲ ਕਰ ਲਿਆ ਹੈ। 31 ਸਾਲਾ ਸੁਖਵਿੰਦਰ ਸਿੱਧੂ 'ਤੇ ਖ਼ਤਰਨਾਕ ਡਰਾਈਵਿੰਗ ਰਾਹੀਂ ਮੌਤ ਦਾ ਕਾਰਨ ਬਣਨ ਦੇ ਦੋਸ਼ ਲੱਗੇ ਸਨ।

ਜਾਂਚ 'ਚ ਸਾਹਮਣੇ ਆਇਆ ਕਿ ਹਾਦਸੇ ਦੇ ਸਮੇਂ ਸੁਖਵਿੰਦਰ ਸਿੱਧੂ ਲਗਾਤਾਰ 26 ਘੰਟਿਆਂ ਤੋਂ ਟਰੱਕ ਚਲਾ ਰਿਹਾ ਸੀ, ਜੋ ਕਿ ਕਾਨੂੰਨੀ ਨਿਯਮਾਂ ਦੀ ਉਲੰਘਣਾ ਹੈ। ਇਸ ਦੌਰਾਨ ਉਨ੍ਹਾਂ ਦੇ ਟਰੱਕ ਦੀ ਇੱਕ ਕਾਰ ਨਾਲ ਜ਼ਬਰਦਸਤ ਟੱਕਰ ਹੋ ਗਈ ਜਿਸ 'ਚ 31 ਸਾਲਾ ਅਲੈਗਜ਼ੈਂਡਰਾ ਪੌਲ ਦੀ ਮੌਤ ਹੋ ਗਈ ਸੀ ਜੋ ਕਿ ਇੱਕ ਸਾਬਕਾ ਓਲੰਪਿਕ ਫ਼ਿਗਰ ਸਕੇਟਰ ਸੀ। ਹਾਦਸੇ ਵੇਲੇ ਉਸ ਦਾ ਛੋਟਾ ਬੱਚਾ ਵੀ ਕਾਰ 'ਚ ਸੀ ਜੋ ਚਮਤਕਾਰੀ ਢੰਗ ਨਾਲ ਬਚ ਗਿਆ।

ਸੁਖਵਿੰਦਰ ਸਿੱਧੂ ਨੇ ਇਸ ਮਹੀਨੇ ਸ਼ੁਰੂ ਹੋਣ ਵਾਲੀ ਸੁਣਵਾਈ ਤੋਂ ਪਹਿਲਾਂ ਹੀ ਆਪਣੀ ਗ਼ਲਤੀ ਮੰਨ ਲਈ ਹੈ। ਕੈਨੇਡਾ ਦੇ ਕਾਨੂੰਨ ਮੁਤਾਬਿਕ ਵਪਾਰਕ ਵਾਹਨ ਚਲਾਉਣ ਵਾਲਿਆਂ ਲਈ ਆਰਾਮ ਦੇ ਨਿਯਮ ਬਹੁਤ ਸਖ਼ਤ ਹਨ। ਲਗਾਤਾਰ 26 ਘੰਟੇ ਬਿਨਾਂ ਆਰਾਮ ਕੀਤੇ ਗੱਡੀ ਚਲਾਉਣਾ ਇਸ ਘਾਤਕ ਹਾਦਸੇ ਦਾ ਮੁੱਖ ਕਾਰਨ ਬਣਿਆ। ਸਿੱਧੂ ਵਲੋਂ ਗੁਨਾਹ ਕਬੂਲਣ ਤੋਂ ਬਾਅਦ ਹੁਣ ਅਦਾਲਤ ਵਲੋਂ ਉਸ ਨੂੰ ਸਖ਼ਤ ਸਜ਼ਾ ਸੁਣਾਈ ਜਾ ਸਕਦੀ ਹੈ।

**ਨੌਕਰੀਆਂ ਖਾ ਜਾਏਗੀ AI, ਇਨ੍ਹਾਂ Jobs 'ਤੇ ਛਾਇਆ ਸੰਕਟ**

ਨਵੀਂ ਦਿੱਲੀ: ਟੈਕਨੌਲੋਜੀ ਦੇ ਦੌਰ 'ਚ ਜਿੱਥੇ ਆਰਟੀਫ਼ੀਸ਼ੀਅਲ ਇੰਟੈਲੀਜੈਂਸ (AI) ਤੇਜ਼ੀ ਨਾਲ ਪੈਰ ਪਸਾਰ ਰਹੀ ਹੈ, ਉੱਥੇ ਹੀ ਹੁਣ ਇਸ ਦਾ ਮਾੜਾ ਅਸਰ ਨੌਕਰੀਆਂ 'ਤੇ ਵੀ ਦਿਖਣ ਲੱਗ ਪਿਆ ਹੈ। ਇੱਕ ਤਾਜ਼ਾ ਰਿਪੋਰਟ ਮੁਤਾਬਿਕ ਕੰਪਨੀਆਂ ਵਲੋਂ AI ਨੂੰ ਅਪਨਾਉਣ ਕਾਰਨ ਖ਼ਾਸ ਕਰ ਕੇ ਐਂਟਰੀ ਲੈਵਲ (ਪ੍ਰਵੇਸ਼ ਪੱਧਰ) ਦੀਆਂ ਨੌਕਰੀਆਂ 'ਚ ਵੱਡੀ ਗਿਰਾਵਟ ਦੇਖੀ ਜਾ ਰਹੀ ਹੈ।

**ਫ਼ਰੈਸ਼ਰਾਂ ਲਈ ਮੁਸ਼ਕਲਾਂ, ਮਾਹਿਰਾਂ ਦੀ ਵਧੀ ਮੰਗ:** ਇੰਡੀਅਨ ਕੌਂਸਲ ਫ਼ੌਰ ਰੀਸਰਚ ਔਨ ਇੰਟਰਨੈਸ਼ਨਲ ਇੱਕਨੌਮਿਕ ਰਿਲੇਸ਼ਨਜ਼ ਵਲੋਂ ਜਾਰੀ ਕੀਤੀ ਗਈ AI and Jobs ਰਿਪੋਰਟ 'ਚ ਦੱਸਿਆ ਗਿਆ ਹੈ ਕਿ 63 ਫ਼ੀਸਦੀ ਕੰਪਨੀਆਂ ਹੁਣ ਉਨ੍ਹਾਂ ਲੋਕਾਂ ਨੂੰ ਤਰਜੀਹ ਦੇ ਰਹੀਆਂ ਹਨ ਜਿਨ੍ਹਾਂ ਕੋਲ ਡੇਟਾ ਸਕਿੱਲਜ਼ ਜਾਂ AI ਦੀ ਮੁਹਾਰਤ ਹੈ।

ਸੌਫ਼ਟਵੇਅਰ ਡਿਵੈਲਪਰ ਅਤੇ ਡੇਟਾਬੇਸ ਐਡਮਨਿਸਟ੍ਰੇਟਰ ਵਰਗੇ ਖੇਤਰਾਂ 'ਚ ਮੰਗ ਸਭ ਤੋਂ ਵੱਧ ਵਧੀ ਹੈ। ਮੱਧ ਅਤੇ ਚੋਟੀ ਦੇ ਪੱਧਰ ਦੀਆਂ ਭਰਤੀਆਂ 'ਚ ਫ਼ਿਲਹਾਲ ਸਥਿਰਤਾ ਬਣੀ ਹੋਈ ਹੈ, ਪਰ ਨਵੇਂ ਨੌਜਵਾਨਾਂ ਲਈ ਰਾਹ ਔਖਾ ਹੋ ਰਿਹਾ ਹੈ।

**650 IT ਕੰਪਨੀਆਂ 'ਤੇ ਹੋਇਆ ਸਰਵੇ:** ਇਹ ਅਧਿਐਨ ਨਵੰਬਰ 2025 ਤੋਂ ਜਨਵਰੀ 2026 ਦੇ 'ਚਕਾਰ ਭਾਰਤ ਦੇ 10 ਵੱਡੇ ਸ਼ਹਿਰਾਂ ਦੀਆਂ 650 IT ਕੰਪਨੀਆਂ 'ਤੇ ਕੀਤਾ ਗਿਆ। ਰਿਪੋਰਟ ਮੁਤਾਬਿਕ AI ਕਾਰਨ ਉਤਪਾਦਕਤਾ 'ਚ ਤਾਂ ਵਾਧਾ ਹੋਇਆ ਹੈ, ਪਰ ਨਵੀਂ ਭਰਤੀ ਪ੍ਰਕਿਰਿਆ 'ਚ ਬਦਲਾਅ ਆ ਗਿਆ ਹੈ।

ਸਰਵੇ 'ਚ ਸ਼ਾਮਿਲ ਅੱਧੀਆਂ ਤੋਂ ਵੱਧ ਕੰਪਨੀਆਂ ਨੇ ਦੱਸਿਆ ਕਿ ਉਹ ਆਪਣੇ ਮੌਜੂਦਾ ਕਰਮਚਾਰੀਆਂ ਨੂੰ AI ਦੀ ਸਿਖਲਾਈ ਦੇ ਰਹੀਆਂ ਹਨ। ਹਾਲਾਂਕਿ ਸਿਖਲਾਈ ਦਾ ਦਾਇਰਾ ਅਜੇ ਵੀ ਸੀਮਿਤ ਹੈ। ਸਿਰਫ਼ ਕੁਝ ਕੰਪਨੀਆਂ ਨੇ ਹੀ ਆਪਣੇ ਅੱਧੇ ਤੋਂ ਵੱਧ ਸਟਾਫ਼ ਨੂੰ ਪਿਛਲੇ ਸਾਲ ਟ੍ਰੇਨਿੰਗ ਦਿੱਤੀ ਹੈ।

ਕਰਜੇ ਤੋਂ ਪਰੇਸ਼ਾਨ? ਮਦਦ ਕਰ ਸਕਦੇ ਹਾਂ 905-783-1922
Vistor Visa 'ਤੇ ਹੋ Work Permit ਖ਼ਤਮ PR ਲਓ 416-848-3930
Home Care Workers ਅਤੇ Nanies ਲਈ PR 416-848-3930
Security Cameras CCTV Live Monitoring 647-863-9232
ਸਸਤੀਆਂ ਹਵਾਈ ਟਿਕਟਾਂ 24/7 SERVICE 905-456-9977

# ਐਪਸਟੀਨ ਫ਼ਾਈਲਾਂ 'ਚ ਨਾਂ ਆਉਣ ਮਗਰੋਂ Trump ਦਾ ਬਿਆਨ

ਵਾਸ਼ਿੰਗਟਨ: ਅਮਰੀਕੀ ਰਾਸ਼ਟਰਪਤੀ ਡੌਨਲਡ ਟਰੰਪ ਨੇ ਇੱਕ ਤਾਜ਼ਾ ਬਿਆਨ ਰਾਹੀਂ ਸਨਸਨੀ ਫ਼ੈਲਾ ਦਿੱਤੀ ਹੈ। ਟਰੰਪ ਨੇ ਦਾਅਵਾ ਕੀਤਾ ਹੈ ਕਿ ਜੈਫ਼ਰੀ ਐਪਸਟੀਨ ਉਸ ਖ਼ਿਲਾਫ਼ ਕੰਮ ਕਰ ਰਿਹਾ ਸੀ, ਅਤੇ ਉਹ ਕਦੇ ਨਹੀਂ ਚਾਹੁੰਦਾ ਸੀ ਕਿ ਟਰੰਪ ਅਮਰੀਕਾ ਦਾ ਰਾਸ਼ਟਰਪਤੀ ਬਣੇ।

ਇੱਕ ਇੰਟਰਵਿਊ ਦੌਰਾਨ ਟਰੰਪ ਨੇ ਸਪੱਸ਼ਟ ਕੀਤਾ ਕਿ ਐਪਸਟੀਨ ਨਾਲ ਉਸ ਦੇ ਸਬੰਧਾਂ ਬਾਰੇ ਫ਼ੈਲਾਈਆਂ ਗਈਆਂ ਗੱਲਾਂ ਗ਼ਲਤ ਹਨ। ਟਰੰਪ ਨੇ ਕਿਹਾ ਕਿ ਐਪਸਟੀਨ ਅਸਲ 'ਚ ਉਨ੍ਹਾਂ ਦਾ ਵਿਰੋਧੀ ਸੀ, ਅਤੇ ਉਸ ਦੇ ਸਿਆਸੀ ਸਫ਼ਰ 'ਚ ਰੁਕਾਵਟਾਂ ਪਾਉਣ ਦੀ ਕੋਸ਼ਿਸ਼ ਕਰਦਾ ਸੀ। ਟਰੰਪ ਨੇ ਸੰਕੇਤ ਦਿੱਤਾ ਹੈ ਕਿ ਉਹ ਜੈਫ਼ਰੀ ਐਪਸਟੀਨ ਨਾਲ ਜੁੜੀਆਂ ਗੁਪਤ ਫ਼ਾਈਲਾਂ ਨੂੰ ਜਨਤਕ ਕਰਨ ਦੇ ਪੱਖ 'ਚ ਹੈ ਤਾਂ ਜੋ ਦੁਨੀਆਂ ਦੇ ਸਾਹਮਣੇ ਸੱਚ ਆ ਸਕੇ ਕਿ ਕੌਣ-ਕੌਣ ਉਸ ਦੇ ਸੰਪਰਕ 'ਚ ਸੀ।



ਜ਼ਿਕਰਯੋਗ ਹੈ ਕਿ ਜੈਫ਼ਰੀ ਐਪਸਟੀਨ, ਜੋ ਕਿ ਜਿਣਸੀ ਅਪਰਾਧਾਂ ਦੇ ਦੋਸ਼ਾਂ ਹੇਠ ਜੇਲ੍ਹ 'ਚ ਸੀ, ਦੀ 2019 'ਚ ਰਹੱਸਮਈ ਹਾਲਾਤ 'ਚ ਮੌਤ ਹੋ ਗਈ ਸੀ। ਉਸ 'ਤੇ ਇੱਕ ਨਿੱਜੀ ਟਾਪੂ 'ਤੇ ਨਾਬਾਲਗ ਕੁੜੀਆਂ ਨਾਲ ਦਰਿੰਦਗੀ ਦੀਆਂ ਸਾਰੀਆਂ ਹੱਦਾਂ ਪਾਰ ਕਰਨ ਅਤੇ ਕਈ ਹੋਰ ਗ਼ੈਰ-ਕਾਨੂੰਨੀ ਕੰਮ ਕਰਨ ਦੇ ਦੋਸ਼ ਸਨ, ਜਿਸ ਸਬੰਧੀ ਦਸਤਾਵੇਜ਼, ਜਿਨ੍ਹਾਂ ਨੂੰ ਐਪਸਟਾਈਨ ਫ਼ਾਈਲਜ਼ ਦਾ ਨਾਂ ਦਿੱਤਾ ਜਾ ਰਿਹਾ ਹੈ, 'ਚ ਦੁਨੀਆਂ ਭਰ ਦੇ ਕਈ ਦਿੱਗਜ ਸਿਆਸਤਦਾਨਾਂ ਤੇ ਉਦਯੋਗਪਤੀਆਂ ਦੇ ਨਾਂ ਸ਼ਾਮਿਲ ਹਨ। ਇਨ੍ਹਾਂ ਲੋਕਾਂ 'ਚ ਡੌਨਲਡ ਟਰੰਪ, ਪ੍ਰਿੰਸ ਐਂਡਰਿਊ, ਬਿਲ ਕਲਿੰਟਨ, ਜੌਰਜ ਬੁਸ਼ ਵਰਗੇ ਕਈ ਹੋਰ ਲੋਕਾਂ ਦੇ ਨਾਂ ਮੌਜੂਦ ਹਨ ਜਿਸ ਕਾਰਨ ਦੁਨੀਆਂ ਦੇ ਕਈ ਦੇਸ਼ਾਂ 'ਚ ਸਿਆਸੀ ਉਥਲ ਪੁਥਲ ਮੱਚੀ ਹੋਈ ਹੈ।

ਉਸ ਦੇ ਹਾਈ-ਪ੍ਰੋਫ਼ਾਈਲ ਲੋਕਾਂ ਨਾਲ ਸਬੰਧਾਂ ਨੂੰ ਲੈ ਕੇ ਅਕਸਰ ਸਿਆਸੀ ਗਲਿਆਰਿਆਂ 'ਚ ਚਰਚਾ ਹੁੰਦੀ ਰਹਿੰਦੀ ਹੈ। ਟਰੰਪ ਦੇ ਇਸ ਬਿਆਨ ਨੇ ਅਮਰੀਕੀ ਰਾਜਨੀਤੀ 'ਚ ਇੱਕ ਵਾਰ ਫ਼ਿਰ ਐਪਸਟੀਨ ਦੇ ਮੁੱਦੇ ਨੂੰ ਗਰਮਾ ਦਿੱਤਾ ਹੈ।

ਟਰੰਪ ਨੇ ਜ਼ੋਰ ਦੇ ਕੇ ਕਿਹਾ ਕਿ ਉਨ੍ਹਾਂ ਦਾ ਐਪਸਟੀਨ ਦੇ ਟਾਪੂ ਜਾਂ ਉਸ ਦੀਆਂ ਗ਼ੈਰ-ਕਾਨੂੰਨੀ ਗਤੀਵਿਧੀਆਂ ਨਾਲ ਕੋਈ ਲੈਣਾ-ਦੇਣਾ ਨਹੀਂ ਸੀ।

ਕਰਜ਼ੇ ਤੋਂ ਪਰੇਸ਼ਾਨ ਹੋ? 416-502-3100
ਦੰਦਾਂ ਦੀ ਦੇਖਭਾਲ 647-625-7205
Security Cameras CCTV Live Monitoring 647-863-9232
ਸਸਤੀਆਂ ਹਵਾਈ ਟਿਕਟਾਂ 24/7 SERVICE 905-456-9977
ਇੰਡੀਆ ਵਿੱਚ ਜਾਇਦਾਦ ਵੇਚੋ ਪੈਸੇ ਕੈਨੇਡਾ ਮੰਗਵਾਓ Buy/Sell US Dollars 416-731-7710
ਲੀਗਲ ਸੇਵਾਵਾਂ 905-913-2355
ਦੰਦ ਲਗਵਾਓ FREE ਮੁਫ਼ਤ 905-458-3344 With CDCP
ਸਸਤੀਆਂ ਹਵਾਈ ਟਿਕਟਾਂ 905-595-1700

# ਸ਼ਹਿਰਾਂ ਦੇ ਸ਼ਹਿਰ ਹੋ ਜਾਣਗੇ ਖ਼ਤਮ, ਮੱਚੇਗੀ ਤਬਾਹੀ

ਨਿਊ ਯੌਰਕ: ਇੱਕ ਪਾਸੇ ਦੁਨੀਆਂ ਦੇ ਕਈ ਦੇਸ਼ਾਂ 'ਚ ਜੰਗ ਦੀ ਸਥਿਤੀ ਬਣੀ ਹੋਈ ਹੈ, ਉੱਥੇ ਹੀ ਅਮਰੀਕੀ ਪੁਲਾੜ ਏਜੰਸੀ NASA ਦੇ ਵਿਗਿਆਨੀਆਂ ਨੇ ਇੱਕ ਬੇਹੱਦ ਡਰਾਉਣੀ ਚਿਤਾਵਨੀ ਜਾਰੀ ਕੀਤੀ ਹੈ। NASA ਦੇ ਵਿਗਿਆਨੀਆਂ ਨੇ ਚਿੰਤਾ ਜ਼ਾਹਿਰ ਕਰਦਿਆਂ ਕਿਹਾ ਕਿ ਧਰਤੀ ਦੇ ਨੇੜੇ ਹਜ਼ਾਰਾਂ ਅਜਿਹੇ ਐਸਟੇਰੌਇਡਜ਼ (ਪੁਲਾੜੀ ਚੱਟਾਨਾਂ) ਘੁੰਮ ਰਹੇ ਹਨ ਜਿਨ੍ਹਾਂ ਬਾਰੇ ਅਜੇ ਤਕ ਵਿਗਿਆਨੀਆਂ ਨੂੰ ਪਤਾ ਵੀ ਨਹੀਂ ਸੀ। ਇਨ੍ਹਾਂ ਨੂੰ ਸਿਟੀ ਕਿਲਰ ਕਿਹਾ ਜਾ ਰਿਹਾ ਹੈ ਕਿਉਂਕਿ ਇਨ੍ਹਾਂ 'ਚੋਂ ਇੱਕ ਵੀ ਜੇਕਰ ਧਰਤੀ ਨਾਲ ਟਕਰਾਉਂਦਾ ਹੈ ਤਾਂ ਉਹ ਇੱਕ ਸ਼ਹਿਰ ਨੂੰ ਪੂਰੀ ਤਰ੍ਹਾਂ ਤਬਾਹ ਕਰ ਸਕਦਾ ਹੈ।

NASA ਦੀ ਪਲੈਨੇਟਰੀ ਡਿਫ਼ੈਂਸ ਅਫ਼ਸਰ ਕੈਲੀ ਫ਼ਾਸਟ ਅਨੁਸਾਰ, ਲਗਭਗ 25 ਹਜ਼ਾਰ ਮੱਧਮ ਆਕਾਰ ਦੇ ਐਸਟੇਰੌਇਡਜ਼ ਧਰਤੀ ਦੇ ਆਲੇ-ਦੁਆਲੇ ਮੌਜੂਦ ਹਨ, ਪਰ ਅਸੀਂ ਸਿਰਫ਼ 40 ਫ਼ੀਸਦੀ (ਲਗਭਗ 10 ਹਜ਼ਾਰ) ਬਾਰੇ ਹੀ ਜਾਣਦੇ ਹਾਂ। ਬਾਕੀ 15 ਹਜ਼ਾਰ ਐਸਟੇਰੌਇਡਜ਼ ਬਾਰੇ ਅਜੇ ਵੀ ਕੋਈ ਜਾਣਕਾਰੀ ਨਹੀਂ, ਅਤੇ ਇਹ ਕਿਸੇ ਵੀ ਸਮੇਂ ਮੌਤ ਬਣ ਕੇ ਆਸਮਾਨੋਂ ਵਰ੍ਹ ਸਕਦੇ ਹਨ।

ਇਨ੍ਹਾਂ ਐਸਟੇਰੌਇਡਜ਼ ਦਾ ਆਕਾਰ ਲਗਭਗ 140 ਮੀਟਰ ਤਕ ਹੈ ਜਦ ਕਿ ਕਈ ਇਸ ਤੋਂ ਵੀ ਵੱਡੇ ਹੋ ਸਕਦੇ ਹਨ। ਇਹ ਇੰਨੇ ਵੱਡੇ ਹਨ ਕਿ ਜੇਕਰ ਧਰਤੀ 'ਤੇ ਡਿੱਗ ਜਾਣ ਤਾਂ ਇੱਕ ਪੂਰੇ ਦੇ ਪੂਰੇ ਸ਼ਹਿਰ ਨੂੰ ਤਬਾਹ ਕਰ ਸਕਦੇ ਹਨ, ਪਰ ਇਹ ਇੰਨੇ ਛੋਟੇ ਦਿਖਾਈ ਦਿੰਦੇ ਹਨ ਕਿ ਮੌਜੂਦਾ ਟੈਲੀਸਕੋਪਾਂ ਰਾਹੀਂ ਇਨ੍ਹਾਂ ਨੂੰ ਡਿਟੈੱਕਟ ਕਰਨਾ ਬਹੁਤ ਮੁਸ਼ਕਿਲ ਹੈ।

ਵਿਗਿਆਨੀਆਂ ਅਨੁਸਾਰ ਜੇਕਰ ਅੱਜ ਕੋਈ ਸਿਟੀ ਕਿਲਰ ਐਸਟੇਰੋਇਡ ਧਰਤੀ ਵੱਲ ਆਉਂਦਾ ਹੈ ਤਾਂ ਸਾਡੇ ਕੋਲ ਉਸ ਨੂੰ ਰੋਕਣ ਜਾਂ ਰਸਤਾ ਬਦਲਣ ਲਈ ਕੋਈ ਸਿਸਟਮ ਫ਼ਿਲਹਾਲ ਮੌਜੂਦ ਨਹੀਂ। ਹਾਲਾਂਕਿ DART ਮਿਸ਼ਨ ਰਾਹੀਂ ਸਫ਼ਲ ਪ੍ਰਯੋਗ ਕੀਤਾ ਗਿਆ ਸੀ, ਪਰ ਅਸਲ ਖ਼ਤਰੇ ਵੇਲੇ ਤੁਰੰਤ ਕਾਰਵਾਈ ਲਈ ਫ਼ੰਡਾਂ ਅਤੇ ਤਕਨਾਲੋਜੀ ਦੀ ਘਾਟ ਹੈ।

ਰਿਪੋਰਟ 'ਚ ਐਸਟੇਰੌਇਡਜ਼ 2024 ਦਾ ਜ਼ਿਕਰ ਵੀ ਕੀਤਾ ਗਿਆ ਹੈ ਜਿਸ ਦੇ ਸਾਲ 2032 'ਚ ਧਰਤੀ ਜਾਂ ਚੰਦਰਮਾ ਨਾਲ ਟਕਰਾਉਣ ਦੀ ਸੰਭਾਵਨਾ ਜਤਾਈ ਜਾ ਰਹੀ ਹੈ। ਵਿਗਿਆਨੀਆਂ ਦਾ ਕਹਿਣਾ ਹੈ ਕਿ ਵੱਡੇ ਐਸਟੇਰੌਇਡਜ਼ (ਜੋ ਡਾਇਨਾਸੋਰਜ਼ ਨੂੰ ਖ਼ਤਮ ਕਰਨ ਵਾਲੇ ਸਨ) 'ਤੇ ਤਾਂ ਨਜ਼ਰ ਰੱਖੀ ਜਾ ਰਹੀ ਹੈ, ਪਰ ਇਹ ਮੱਧਮ ਅਤੇ ਛੋਟੇ ਆਕਾਰ ਦੇ ਪੱਥਰ ਹੀ ਸਭ ਤੋਂ ਵੱਡੀ ਚਿੰਤਾ ਦਾ ਵਿਸ਼ਾ ਹਨ। NASA ਅਗਲੇ ਸਾਲਾਂ 'ਚ ਨਿਅਰ-ਅਰਥ ਔਬਜੈਕਟ ਸਰਵੇਅਰ ਟੈਲੀਸਕੋਪ ਲੌਂਚ ਕਰਨ ਦੀ ਯੋਜਨਾ ਬਣਾ ਰਿਹਾ ਹੈ ਤਾਂ ਜੋ ਇਨ੍ਹਾਂ ਲੁੱਕਵੇਂ ਖ਼ਤਰਿਆਂ ਨੂੰ ਸਮੇਂ ਸਿਰ ਪਛਾਣਿਆ ਜਾ ਸਕੇ।

ਕਰਜੇ ਤੋਂ ਪਰੇਸ਼ਾਨ? ਮਦਦ ਕਰ ਸਕਦੇ ਹਾਂ 905-783-1922
Vistor Visa 'ਤੇ ਹੋ Work Permit ਖ਼ਤਮ PR ਲਓ 416-848-3930

# UK ਤੇ Canada ਦੇ ਨਾਗਰਿਕਾਂ ਨੂੰ ਮਿਲੀ ਚੀਨ 'ਚ ਵੀਜ਼ਾ-ਮੁਕਤ ਐਂਟਰੀ

ਮਲਕੀਤ ਸਿੰਘ

ਵੈਨਕੂਵਰ: ਚੀਨ ਸਰਕਾਰ ਨੇ ਦੇਸ਼ 'ਚ ਸੈਰ-ਸਪਾਟੇ ਅਤੇ ਵਪਾਰਕ ਗਤੀਵਿਧੀਆਂ ਨੂੰ ਵਧਾਉਣ ਲਈ ਇੱਕ ਅਹਿਮ ਕਦਮ ਚੁੱਕਿਆ ਹੈ। ਹੁਣ ਤੋਂ ਬਾਅਦ UK ਅਤੇ Canada ਦੇ ਨਾਗਰਿਕ ਬਿਨਾਂ ਵੀਜ਼ੇ ਦੇ ਚੀਨ 'ਚ ਦਾਖਲ ਹੋ 